# ਨਿਲਾਮੀ ਨੋਟਿਸ

ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਪਾਰਕਿੰਗ ਸਟੈਂਡਾਂ ਦੀ ਨਿਲਾਮੀ ਮਿਤੀ 12-06-2019 ਨੂੰ ਸਵੇਰੇ 11.00 ਵਜੇ ਗੁਰੂ ਨਾਨਕ ਭਵਨ, ਸਿਟੀ ਸੈਂਟਰ, ਅੰਮ੍ਰਿਤਸਰ ਵਿਖੇ ਰੱਖੀ ਗਈ ਹੈ। ਇਸ ਲਈ ਚਾਹਵਾਨ ਸੱਜਣ ਇਸ ਬੋਲੀ ਵਿੱਚ ਭਾਗ ਲੈ ਕੇ ਸੁਨਹਿਰੀ ਮੌਕੇ ਦਾ ਲਾਭ ਉਠਾਉਣ। ਇਹ ਬੋਲੀ ਜਿਵੇਂ ਹੈ, ਜਿੱਥੇ ਹੈ, ਦੇ ਆਧਾਰ ਤੇ ਹੋਵੇਗੀ।

<u>ਪਾਰਕਿੰਗ ਸਟੈਂਡਾਂ ਦਾ ਵੇਰਵਾ:-</u>

| ਲੜੀ ਨੰ. | ਪਾਰਕਿੰਗ ਸਟੈਂਡ ਦਾ ਨਾਮ | ਸਾਲ 2019-20 ਦੇ ਸਮੇਂ ਲਈ ਤਜਵੀਜਤ ਰਾਖਵੀ ਕੀਮਤ |
|---|---|---|
| 1) | ਫਾਇਰਬ੍ਰਿਗੇਡ ਸਦਰ ਥਾਣਾ ਤੋਂ ਚਲਦੇ ਹੋਏ ਅਮਨਦੀਪ ਹਸਪਤਾਲ, ਹੋਟਲ ਮਈਊਰ, ਅਮਨਦੀਪ ਹਸਤਪਾਲ ਤੋਂ ਕੇਅਰਵੈਲ ਹਸਪਤਾਲ ਤੱਕ (ਲਗਭਗ 500 ਮੀਟਰ ਲੰਬਾ) | 591200/- ਰੁਪਏ |
| 2) | ਡਿਸਟ੍ਰਿਕ ਲਾਇਬ੍ਰੇਰੀ ਰਾਣੀ ਕਾ ਬਾਗ ਤੋਂ ਚਲਦੇ ਹੋਏ ਉਸ ਪਾਸੇ ਵੱਲ ਊਪਲ ਹਸਪਤਾਲ, ਸਟੇਟ ਬੈਂਕ ਤੋਂ ਹੋਟਲ ਪਾਰਕ ਦੇ ਨਾਲ ਚੱਲਦੇ ਹੋਏ ਸਰੂਪ ਰਾਣੀ ਕਾਲਜ ਦੇ ਗੋਲ ਚੌਂਕ ਕੈਂਟ ਤੱਕ (ਲਗਭਗ 500 ਮੀਟਰ ਲੰਬਾ) | 562400/- ਰੁਪਏ |
| 3) | ਨਵੇਂ ਡੀ.ਟੀ.ਓ ਦਫਤਰ ਦੇ ਬਾਹਰ (ਲਗਭਗ 100 ਮੀਟਰ ਲੰਬਾ) | 156500/- ਰੁਪਏ |
| 4) | ਸੈਲੀਬ੍ਰੇਸ਼ਨ ਮਾਲ ਦੇ ਨਾਲ ਲਿੰਕ ਰੋਡ (ਲਗਭਗ 300 ਮੀਟਰ ਲੰਬਾ) | 162000/- ਰੁਪਏ |
| 5) | ਹਾਲ ਗੇਟ ਤੋਂ ਟਾਊਨ ਹਾਲ ਤੱਕ ਖੱਬਾ ਪਾਸਾ (ਲਗਭਗ 1000 ਮੀਟਰ ਲੰਬਾ) | 504000/- ਰੁਪਏ |
| 6) | ਟਾਊਨ ਹਾਲ ਤੋਂ ਸੁਭਾਸ਼ ਜੂਸ ਬਾਰ ਤੱਕ ਖੱਬਾ ਪਾਸਾ (ਲਗਭਗ 1000 ਮੀਟਰ ਲੰਬਾ) | 578000/- ਰੁਪਏ |
| 7) | ਨਗਰ ਨਿਗਮ ਦੇ ਨਵੇਂ ਬਣੇ ਦਫਤਰ ਰਣਜੀਤ ਐਵੀਨਿਊ | 150000/- ਰੁਪਏ |
| 8) | ਕੇ.ਡੀ ਹਸਪਤਾਲ, ਸ਼ਾਸ਼ੀ ਹਸਪਤਾਲ ਅਤੇ ਕਰਮ ਸਿੰਘ ਵਾਰਡ (ਲਗਭਗ 300 ਮੀਟਰ ਲੰਬਾ) | 250000/- ਰੁਪਏ |
| 9) | ਓਪਨ ਸਪੇਸ ਪੁਰਾਣੀ ਸਬਜੀ ਮੰਡੀ, ਹਾਲ ਗੇਟ (ਲਗਭਗ 2 ਏਕੜ) | 1050000/- ਰੁਪਏ |
| 10) | ਗੁਰੂ ਨਾਨਕ ਭਵਨ | 660000/- ਰੁਪਏ |
| 11) | ਪੰਡਿਤ ਦੀਨ ਦਿਆਲ ਉਪਾਧਿਆ ਮਾਰਕੀਟ | 3207204/- ਰੁਪਏ |
| 12) | ਕੋਰਟ ਚੌਂਕ ਪੁੱਲ ਵਾਲੀ ਸਾਈਡ, ਟੈਂਕ ਵਾਲੀ ਸਾਈਡ ਅਤੇ ਕੈਂਟ ਵਾਲੀ ਸਾਈਡ (ਤਿੰਨ ਸਾਈਡਾਂ) | 2317644/- ਰੁਪਏ |
| 13) | ਟੈਲੀਫੂਨ ਐਕਸਚੇਂਜ | 1463736/- ਰੁਪਏ |
| 14) | ਕੈਰੋ ਮਾਰਕੀਟ | 1386000/- ਰੁਪਏ |
| 15) | ਮੱਛੀ ਮੰਡੀ | 1219188/- ਰੁਪਏ |

ਵਧੇਰੇ ਜਾਣਕਾਰੀ ਲਈ ਅਸਟੇਟ ਦਫਤਰ, ਕਮਰਾ ਨੰ. 313, ਰਣਜੀਤ ਐਵੀਨਿਊ, ਅੰਮ੍ਰਿਤਸਰ ਵਿਖੇ ਕਿਸੇ ਵੀ ਕੰਮਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ। ਅਸਟੇਟ ਅਫਸਰ - ਮੋ.ਨੰ. 7888679455, ਸੁਪਰਡੈਂਟ ਭੂਮੀ ਵਿਭਾਗ - ਮੋ.ਨੰ. 9876203344 ਜੇਕਰ ਕੋਈ Corrigendum ਹੋਵੇਗਾ ਤਾਂ ਉਹ ਨਗਰ ਨਿਗਮ ਦੀ ਵੈਬਸਾਈਡ ਤੇ ਅਪਲੋਡ ਕੀਤਾ ਜਾਵੇਗਾ।

ਮੇਅਰ
ਨਗਰ ਨਿਗਮ
ਅੰਮ੍ਰਿਤਸਰ

ਕਮਿਸ਼ਨਰ
ਨਗਰ ਨਿਗਮ
ਅੰਮ੍ਰਿਤਸਰ

# ਮੁੱਖ ਸ਼ਰਤਾਂ

1) ਸਫਲ ਠੇਕੇਦਾਰ ਵੱਲੋਂ ਦਿੱਤੀ ਗਈ ਜਗਾਂ ਉਪਰ ਕੋਈ ਉਸਾਰੀ ਆਦਿ ਬਿਨਾਂ ਨਗਰ ਨਿਗਮ ਦੀ ਮੰਜੂਰੀ ਨਹੀਂ ਕੀਤੀ ਜਾਵੇਗੀ।

2) ਠੇਕੇਦਾਰ ਲੋਕਾਂ ਪਾਸੋਂ ਨਗਰ ਨਿਗਮ ਵੱਲੋਂ ਮਿੱਥੇ ਗਏ ਰੇਟ ਤੇ ਹੀ ਚਾਰਜ ਕਰੇਗਾ ਅਤੇ ਇਹਨਾਂ ਰੇਟਾਂ ਦਾ ਵੱਡੇ ਅੱਖਰਾਂ ਵਿੱਚ ਬੋਰਡ ਉਸ ਵੱਲੋਂ ਮੌਕੇ ਤੇ ਵੀ ਲਗਾਇਆ ਜਾਵੇਗਾ। ਰੇਟ ਹੇਠ ਲਿਖੇ ਅਨੁਸਾਰ ਹੋਣਗੇ।

| ਲੜੀ ਨੰ. | ਵਹੀਕਲ ਦੀ ਕਿਸਮ | ਚਾਰਜਿਸ ਪ੍ਰਤੀ ਦਿਨ |
|---|---|---|
| 1) | ਸਾਈਕਲ | 5/- ਰੁਪਏ |
| 2) | ਸਕੂਟਰ/ਮੋਟਰ ਸਾਈਕਲ/ਦੋ ਪਹੀਆ | 10/- ਰੁਪਏ |
| 3) | ਕਾਰ/ਜੀਪ/ਚਾਰ ਪਹੀਆ | 30/- ਰੁਪਏ |

ਇਸ ਤੋਂ ਇਲਾਵਾ ਹਾਲ ਗੇਟ ਤੋਂ ਟਾਊਨ ਹਾਲ ਤੱਕ ਪਾਰਕਿੰਗ ਲਈ ਨਿਰਧਾਰਿਤ ਖੱਬਾ ਪਾਸਾ ਅਤੇ ਟਾਊਨ ਹਾਲ ਤੋਂ ਸੁਭਾਸ਼ ਜੂਸ ਬਾਰ ਤੱਕ ਪਾਰਕਿੰਗ ਲਈ ਨਿਰਧਾਰਿਤ ਖੱਬਾ ਪਾਸਾ ਦੇ ਪਾਰਕਿੰਗ ਸਟੈਂਡਾਂ ਦੇ ਠੇਕੇਦਾਰਾਂ ਕੋਲੋਂ ਹੇਠ ਲਿਖੇ ਅਨੁਸਾਰ ਪਾਰਕਿੰਗ ਰੇਟ ਵਸੂਲ ਕੀਤੇ ਜਾਣਗੇ।

| ਲੜੀ ਨੰ. | ਵਹੀਕਲ ਦੀ ਕਿਸਮ | ਚਾਰਜਿਸ ਪ੍ਰਤੀ ਦਿਨ |
|---|---|---|
| 1) | ਸਾਈਕਲ | 5/- ਰੁਪਏ |
| 2) | ਸਕੂਟਰ/ਮੋਟਰ ਸਾਈਕਲ/ਦੋ ਪਹੀਆ | 5/- ਰੁਪਏ |
| 3) | ਕਾਰ/ਜੀਪ/ਚਾਰ ਪਹੀਆ | 15/- ਰੁਪਏ |

3) ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਚਾਹਵਾਨ ਵਿਅਕਤੀਆਂ ਵੱਲੋਂ 50000/- ਬਤੌਰ ਜਮਾਨਤੀ ਰਕਮ ਮੌਕੇ ਤੇ ਜਮਾਂ ਕਰਵਾਉਣੀ ਹੋਵੇਗੀ ਅਤੇ ਇਸ ਸਬੰਧੀ ਬੋਲੀਕਾਰ ਨੂੰ ਰਸੀਦ ਜਾਰੀ ਕੀਤੀ ਜਾਵੇਗੀ ਅਤੇ ਰਸੀਦ ਵਿਖਾਉਣ ਤੇ ਹੀ ਉਸਦੀ ਐਂਟਰੀ ਬੋਲੀ ਵਾਲੇ ਸਥਾਨ ਤੇ ਹੋਵੇਗੀ ਅਤੇ ਇੱਕ ਰਸੀਦ ਤੇ ਸਿਰਫ ਇੱਕ ਹੀ ਵਿਅਕਤੀ ਦੀ ਐਂਟਰੀ Valid ਹੋਵੇਗੀ।

4) ਠੇਕੇਦਾਰ ਬਿਨਾਂ ਨਗਰ ਨਿਗਮ ਦੀ ਮੰਜੂਰੀ ਕਿਸੇ ਨਾਲ ਭਾਈਵਾਲੀ ਜਾਂ ਇਹ ਜਗਾਂ ਅਗਾਂਹ ਠੇਕੇ ਉਪਰ ਨਹੀਂ ਦੇਵੇਗਾ।

5) ਲੋਕਾਂ ਵੱਲੋਂ ਉਸ ਜਗਾਂ ਤੇ ਲਗਾਏ ਵਹੀਕਲ ਗੁੰਮ ਹੋਣ ਤੇ ਠੇਕੇਦਾਰ ਆਪ ਜਿੰਮੇਵਾਰ ਹੋਵੇਗਾ ਅਤੇ ਉਸਦਾ ਆਪ ਹੀ ਮੁਆਵਜਾ ਦੇਵੇਗਾ। ਸਫਲ ਬੋਲੀਕਾਰ ਵੱਲੋਂ ਨਗਰ ਨਿਗਮ ਦੇ ਮੁਲਾਜ਼ਮਾਂ ਪਾਸੋਂ ਕੋਈ ਵੀ ਪਾਰਕਿੰਗ ਫੀਸ ਵਸੂਲ ਨਹੀਂ ਕੀਤੀ ਜਾਵੇਗੀ। ਇਹ ਸ਼ਰਤ ਸਫਲ ਬੋਲੀਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਪਰਚੀ ਦੇ ਪਿਛਲੇ ਪਾਸੇ ਤੇ ਲਿਖਾਈ ਜਾਵੇਗੀ।

6) ਜੇਕਰ ਨਗਰ ਨਿਗਮ ਨੂੰ ਇਹ ਜਗਾ ਜੋ ਪਬਲਿਕ ਵਰਤੋ ਜਾ ਆਪਣੇ ਕਿਸੇ ਮੰਤਵ ਲਈ ਚਾਹੀਦੀ ਹੋਵੇਗੀ ਤਾਂ ਠੇਕੇਦਾਰ ਨੂੰ ਇਹ ਜਗਾਂ ਛੱਡਣ ਤੇ ਕੋਈ ਇਤਰਾਜ ਨਹੀਂ ਹੋਵੇਗਾ।

7) ਠੇਕੇਦਾਰ ਨੂੰ ਦਿੱਤੀ ਹੋਈ ਪਾਰਕਿੰਗ ਸਟੈਂਡ ਵਾਲੀ ਜਗਾਂ ਜਿਸ ਹਾਲਤ ਵਿੱਚ ਅਲਾਟ ਕੀਤੀ ਜਾਵੇਗੀ, ਉਸੇ ਹੀ ਰੂਪ ਵਿੱਚ ਵਾਪਸ ਕਰਨੀ ਹੋਵੇਗੀ ਅਤੇ ਅਗਰ ਜਗਾਂ ਉੱਚੀ ਨੀਵੀ ਹੋਵੇ ਤਾਂ ਨਗਰ ਨਿਗਮ ਵੱਲੋਂ ਜਗਾਂ ਪੱਧਰੀ ਵਗੈਰੀ ਨਹੀਂ ਕਰਵਾਈ ਜਾਵੇਗੀ, ਜਿਸ ਤਰਾਂ ਜਗਾਂ ਹੈ ਉਸੇ ਰੂਪ ਵਿੱਚ ਹੀ ਅਲਾਟ ਹੋਵੇਗੀ।

8) ਬੋਲੀ ਖਤਮ ਹੋਣ ਤੋਂ 24 ਘੰਟੇ ਦੇ ਅੰਦਰ-ਅੰਦਰ ਜੇਕਰ ਬੋਲੀਕਾਰਾ ਨੇ ਬੋਲੀ ਦੀ ਰਕਮ ਦਾ 1/2 ਹਿੱਸਾ ਜਮਾਂ ਨਾ ਕਰਵਾਇਆ ਤਾਂ ਉਸ ਵੱਲੋਂ ਜਮਾਂ ਕਰਵਾਈ ਗਈ ਸਕਿਊਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਜੋ ਉਸ ਰਕਮ ਤੋਂ ਘੱਟ ਬੋਲੀਕਾਰ ਹੋਵੇਗੀ, ਉਸਨੂੰ ਅਲਾਟਮੈਂਟ ਕਰ ਦਿੱਤੀ ਜਾਵੇਗੀ।

9) ਪਾਰਕਿੰਗ ਸਟੈਂਡ ਦੇ ਸਫਲ ਬੋਲੀਕਾਰ ਨੂੰ ਬਣਦਾ GST ਆਪਣੇ ਪੱਧਰ ਤੇ ਸਬੰਧਿਤ ਵਿਭਾਗ ਵਿਖੇ ਜਮਾਂ ਕਰਵਾਉਣਾ ਹੋਵੇਗਾ ਅਤੇ ਇਸਦੀ ਰਸੀਦ ਨਗਰ ਨਿਗਮ ਅੰਮ੍ਰਿਤਸਰ ਵਿਖੇ ਜਮਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਦਾ ਠੇਕਾ ਰੱਦ ਕਰ ਦਿੱਤਾ ਜਾਵੇਗਾ।

10) ਸਫਲ ਬੋਲੀਕਾਰ ਕੋਲੋਂ Good for payment ਦੇ ਚਾਰ ਬਲੈਂਕ ਚੈਕ ਬਤੌਰ ਸਕਿਊਰਟੀ ਲਏ ਜਾਣਗੇ।

11) ਬੋਲੀਕਾਰ ਨੂੰ ਅਲੱਗ-ਅਲੱਗ ਪਾਰਕਿੰਗ ਸਟੈਂਡ ਦੇ ਠੇਕੇ ਦੀ ਬੋਲੀ ਦੇਣ ਲਈ ਅਲੱਗ-ਅਲੱਗ ਜਮਾਨਤੀ ਰਕਮ ਜਮਾਂ ਕਰਵਾਉਣੀ ਪਵੇਗੀ।

12) ਬੋਲੀਕਾਰ ਵੱਲੋਂ ਜਮਾਨਤੀ ਰਕਮ ਜਮਾਂ ਕਰਵਾਉਣ ਵੇਲੇ ਆਪਣਾ ਸ਼ਨਾਖਤੀ ਕਾਰਡ ਹੋਣਾ ਜ਼ਰੂਰੀ ਹੈ।

13) ਸਫਲ ਬੋਲੀਕਾਰ ਵੱਲੋਂ ਪਾਰਕਿੰਗ ਸਟੈਂਡ ਵਾਲੀ ਜਗਾਂ ਤੇ ਵਹੀਕਲ ਪਾਰਕ ਕਰਨ ਤੋਂ ਇਲਾਵਾ ਹੋਰ ਕੋਈ ਵੀ ਵਾਪਾਰ/ਕੰਮ ਨਹੀਂ ਕੀਤਾ ਜਾਵੇਗਾ।

14) ਉਪਰੋਕਤ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਦਾ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਵੱਲੋਂ ਜਮਾਂ ਕਰਵਾਈ ਗਈ ਰਕਮ ਜਬਤ ਕਰ ਲਈ ਜਾਵੇਗੀ।

15) ਨਗਰ ਨਿਗਮ ਅੰਮ੍ਰਿਤਸਰ ਦੇ ਪਾਰਕਿੰਗ ਸਟੈਂਡ ਦਾ ਕੋਈ ਵੀ ਡਿਫਾਲਟਰ ਇਸ ਬੋਲੀ ਵਿੱਚ ਹਿੱਸਾ ਨਹੀਂ ਲੈ ਸਕਦਾ।

16) ਉਕਤ ਨਿਰਧਾਰਿਤ ਰੇਟਾਂ ਤੋਂ ਵੱਧ ਵਸੂਲੀ ਕਰਨ ਦੇ ਸਬੰਧ ਵਿੱਚ ਕੋਈ ਵੀ ਸ਼ਿਕਾਇਤ ਇਸ ਦਫਤਰ ਵਿਖੇ ਪ੍ਰਾਪਤ ਹੋਣ ਤੇ ਕਮਿਸ਼ਨਰ ਨਗਰ ਨਿਗਮ ਨੂੰ ਪਾਰਕਿੰਗ ਸਟੈਂਡ ਦਾ ਠੇਕਾ ਰੱਦ ਕਰਨ ਦਾ ਪੂਰਾ ਹੱਕ ਹੋਵੇਗਾ।

17) ਬੋਲੀ ਵਾਲੀ ਜਗਾਂ ਤੇ ਕਿਸੇ ਕਿਸਮ ਦਾ ਹਥਿਆਰ ਲੈ ਕੇ ਜਾਣ ਦੀ ਆਗਿਆ ਨਹੀਂ ਹੋਵੇਗੀ।

18) ਸਫਲ ਬੋਲੀਕਾਰ ਦੇ ਪਾਰਕਿੰਗ ਸਟੈਂਡ ਦਾ ਸਮਾਂ ਬੋਲੀ ਦੀ ਮਿਤੀ ਤੋਂ 31-03-2020 ਤੱਕ ਦਾ ਹੋਵੇਗਾ।